# ਟੈਂਡਰ ਨੋਟਿਸ

ਨਿਮਨ-ਹਸਤਾਖਰ ਵੱਲੋ ਗਵਰਨਰ, ਪੰਜਾਬ ਦੇ ਬਿਹਾਫ ਤੇ ਸੀ.ਐਸ.ਆਰ.2020 ਦੇ ਆਧਾਰ ਤੇ ਪੰਚਾਇਤੀ ਰਾਜ ਲੋਕ ਨਿਰਮਾਣ ਸਰਕਲ,ਪੰਜਾਬ,ਮੋਹਾਲੀ ਦੇ ਪ੍ਰਵਾਨਤ ਠੇਕੇਦਾਰਾਂ / ਲੇ. ਕੋ. ਸੁਸਾਇਟੀਆਂ, ਪਾਸੋਂ (ਸਿਵਲ ਵਰਕ ਕੈਟਾਗਰੀ), ਮਿਤੀ: 20/09/2021 ਨੂੰ ਥਰੂ ਰੇਟ ਤੇ ਮੋਹਰਬੰਦ ਟੈਂਡਰ ਹੇਠ ਲਿਖੇ ਕੰਮਾਂ ਲਈ ਮੰਗੇ ਜਾਂਦੇ ਹਨ। ਟੈਂਡਰ ਫਾਰਮ ਨਿਮਨ-ਹਸਤਾਖਰ ਦੇ ਦਫਤਰ ਵਿੱਚੋ 2000/-ਰੁ: (ਨਾ-ਮੋੜਨਯੋਗ) ਪ੍ਰਤੀ ਟੈਂਡਰ ਦੇ ਹਿਸਾਬ ਨਾਲ ਕਿਸੇ ਵੀ ਕੰਮ ਵਾਲੇ ਦਿਨ ਅਤੇ ਮਿਤੀ: 20/09/2021 ਨੂੰ 11.00 ਵਜ਼ੇ ਤੱਕ ਹੀ ਜਾਰੀ ਕੀਤੇ ਜਾਣਗੇ। ਮਿਤੀ: 20/09/2021 ਨੂੰ ਇਹ ਟੈਂਡਰ 12.00 ਵਜ਼ੇ ਤੱਕ ਪ੍ਰਾਪਤ ਕੀਤੇ ਜਾਣਗੇ ਅਤੇ 12.30 ਵਜੇ ਖੋਲ੍ਹੇ ਜਾਣਗੇ।

| ਲੜੀ ਨੰ: | ਕੰਮ ਦਾ ਨਾਮ | ਅਨੁਮਾਨਤ ਰਕਮ (ਲੱਖਾਂ ਵਿੱਚ) | ਬਿਆਨਾ ਰਕਮ (ਰੁ: ਵਿੱਚ) | ਮੁਕੰਮਲ ਕਰਨ ਦਾ ਸਮਾਂ |
|---|---|---|---|---|
| 1 | Desilting of New Pond at village Balbera Block Sanour Distt. Patiala. | 7.84 | 15680/- | 2 ਮਹੀਨੇ |

**ਸ਼ਰਤਾਂ:-**

1) ਬਿਆਨਾ ਰਕਮ ਸਿਰਫ ਨਿਮਨ ਹਸਤਾਖਰ ਦੇ ਪੱਖ ਵਿੱਚ ਡਿਪਾਜਿਟ ਐਟ ਕਾਲ / ਡੀ.ਡੀ. ਦੇ ਰੂਪ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ।ਨਕਦ ਬਿਆਨਾ ਰਕਮ ਸਵੀਕਾਰ ਨਹੀਂ ਕੀਤੀ ਜਾਵੇਗੀ।

2) ਜੇਕਰ ਟੈਂਡਰ ਵਾਲੇ ਦਿਨ ਛੁੱਟੀ ਹੋਈ,ਤਾਂ ਟੈਂਡਰ ਅੱਗਲੇ ਕੰਮ ਵਾਲੇ ਦਿਨ ਉਸੇ ਸਮੇਂ ਤੇ ਹੀ ਲਏ ਜਾਣਗੇ।

3) ਸੁਰਤੀਆਂ ਟੈਂਡਰ ਜਾਂ ਟੈਲੀਗ੍ਰਾਫਕ ਟੈਂਡਰ ਰੱਦ ਕਰ ਦਿੱਤੇ ਜਾਣਗੇ।

4) ਕੋਆਪਰੇਟਿਵ ਸਭਾਵਾਂ ਜ਼ੋ ਟੈਂਡਰ ਦੇਣੀਆਂ ਚਾਹੁੰਦੀਆਂ ਹਨ ਉਹ ਹੇਠ ਲਿਖੇ ਸਰਟੀਫਿਕੇਟ ਨਾਲ ਲੈ ਕੇ ਆਉਣ:-

(ੳ) ਕੰਮ ਕਰਨ ਦੀ ਕਪੈਸਟੀ ਦਾ ਤਾਜਾ ਸਰਟੀਫਿਕੇਟ।

(ਅ) ਸਭਾ ਦੀ ਦਿੱਤੀ ਹੱਦ ਕਿੱਥੋਂ ਤੱਕ ਹੈ।

(ੲ) ਸਭਾ ਵੱਲੋਂ ਪਹਿਲਾਂ ਪੰਚਾਇਤੀ ਰਾਜ ਸੰਸਥਾ ਦੇ ਕੀਤੇ ਕੰਮਾਂ ਦੀ ਸੂਚੀ ਜੋ ਉਸ ਵੱਲੋਂ ਪਹਿਲਾਂ ਤੱਸਲੀਬਖਸ਼ ਕੀਤੇ ਹੋਣ।

(ਸ) ਸਭਾ ਵੱਲੋਂ ਨਾਮਜ਼ਦ ਕੀਤੇ ਮੈਂਬਰ ਦਾ ਐਫੀਡੇਵਿਟ ਸਮੇਤ ਉਸ ਦੇ ਘਰ ਦੇ ਪੱਤੇ ਤੇ ਜਿੱਥੇ ਕਿਤੇ ਉਸ ਨਾਲ ਲਿਖਾ-ਪੜੀ ਕੀਤੀ ਜਾ ਸਕੇ, ਜਿਸ ਵਿੱਚ ਉਸ ਨੂੰ ਪੰਚਾਇਤੀ ਰਾਜ ਮਹਿਕਮੇ ਵਿੱਚ ਟੈਂਡਰ ਦੇਣ, ਇਕਰਾਰਨਾਮਾ ਕਰਨ ਅਤੇ ਅਦਾਇਗੀ ਲੈਣ ਦਾ ਅਧਿਕਾਰ ਦਿੱਤਾ ਹੋਵੇ, ਨਾਲ ਲਿਆਂਦਾ ਜਾਵੇ।

(ਹ) ਏ.ਆਰ.ਕੋਆਪਰੇਟਿਵ ਸੁਸਾਇਟੀ ਤੋਂ ਸੁਸਾਇਟੀ ਦੇ ਅਲਾਈਵ ( ਹੋਂਦ ਵਿੱਚ ਹੈ ) ਅਤੇ ਸੁਸਾਇਟੀ ਡਿਫਾਲਟਰ ਨਹੀਂ ਹੈ, ਦਾ ਸਰਟੀਫਿਕੇਟ ਵੀ ਨਾਲ ਲਿਆਂਦਾ ਜਾਵੇ।

5) ਇਹ ਟੈਂਡਰ ਫਾਰਮ ਉਸ ਸਹਿਕਾਰੀ ਸਭਾ/ ਠੇਕੇਦਾਰ ਨੂੰ ਜਾਰੀ ਕੀਤੇ ਜਾਣਗੇ ਜਿਨ੍ਹਾਂ ਪਾਸ ਐਕਸਾਈਜ਼ ਟੈਕਸੇਸ਼ਨ ਵਿਭਾਗ ਵੱਲੋਂ ਵੈਟ ਟੈਕਸ ਸੰਬੰਧੀ ਪੈਨ ਨੰਬਰ ਜਾਰੀ ਕਰਵਾਇਆ ਹੋਵੇਗਾ।

6) ਸਮਰੱਥ ਅਧਿਕਾਰੀ ਪਾਸ ਬਿਨ੍ਹਾਂ ਕਿਸੇ ਕਾਰਨ ਦੱਸੇ ਟੈਂਡਰ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ।

7) ਵਿਸਥਾਰਤ ਐਨ.ਆਈ.ਟੀ. ਅਤੇ ਅਨੁਮਾਨ ਇਸ ਦਫਤਰ ਵਿੱਚ ਕਿਸੇ ਵੀ ਕੰਮ ਵਾਲੇ ਦਿਨ ਵੇਖੇ ਜਾ ਸਕਦੇ ਹਨ।

8) ਜੇਕਰ ਕੋਈ ਵੀ ਕਿਰਤ ਅਤੇ ਨਿਰਮਾਣ ਸਭਾਵਾਂ ਸੀ.ਐਸ.ਆਰ. ਤੋਂ ਵੱਧ ਦਰਾਂ ਤੇ ਰੇਟ ਕੋਟ ਕਰਦੀਆਂ ਹਨ ਤਾਂ ਉਹਨਾਂ ਦੇ ਟੈਂਡਰ ਸਿੱਧੇ ਤੌਰ ਤੇ ਰੱਦ ਕਰ ਦਿੱਤੇ ਜਾਣਗੇ।

9) ਉਪਰੋਕਤ ਕੰਮ 60.00 ਲੱਖ ਰੁ: ਤੋਂ ਘੱਟ ਹੋਣ ਕਾਰਨ ਇਹਨਾਂ ਕੰਮਾਂ ਦੇ ਟੈਂਡਰ ਫਾਰਮ ਪਹਿਲ ਦੇ ਆਧਾਰ ਤੇ ਕੋਆਪਰੇਟਿਵ ਸੁਸਾਇਟੀਆਂ ਨੂੰ ਜੋ ਕਿ ਟੈਂਡਰ ਨੋਟਿਸ ਵਿੱਚ ਦਰਜ਼ ਸ਼ਰਤਾਂ ਪੂਰੀਆਂ ਕਰਦੀਆਂ ਹੋਣ ਨੂੰ ਮਿਥੀ ਮਿਤੀ ਅਤੇ ਸਮੇਂ ਤੱਕ ਜਾਰੀ ਕੀਤੇ ਜਾਣਗੇ। ਜੇਕਰ ਇਹਨਾਂ ਕੰਮਾਂ ਲਈ ਮਿੱਥੇ ਸਮੇਂ ਤੇ ਕੋਈ ਵੀ ਸੁਸਾਇਟੀ ਇਸ ਪ੍ਰੀਕਿਆ ਵਿੱਚ ਭਾਗ ਨਹੀ ਲੈਂਦੀ ਹੈ ਨਾਨ-ਰਿਸਪਾਂਸਿਵ ਜਾਂ ਨਾਨ-ਕੰਪੀਟੇਟਿਵ ਹੋਣ ਦੀ ਸੂਰਤ ਵਿੱਚ ਇਹ ਟੈਂਡਰ <u>ਮਿਤੀ 22/09/2021</u> ਨੂੰ ਬਾਅਦ ਦੁਪਹਿਰ 2:00 ਵਜੇ ਤੱਕ ਜਾਰੀ ਕੀਤੇ ਜਾਣਗੇ ਅਤੇ ਉਸੇ ਮਿਤੀ ਨੂੰ ਟੈਂਡਰ 2:30 ਵਜੇ ਤੱਕ ਪ੍ਰਾਪਤ ਕੀਤੇ ਜਾਣਗੇ ਅਤੇ 3:30 ਵਜੇ ਤੱਕ ਖੋਲੇ ਜਾਣਗੇ।

10) ਬਾਕੀ ਦੀਆਂ ਹੋਰ ਸ਼ਰਤਾਂ ਪ੍ਰਵਾਨਿਤ ਡੀ.ਐਨ.ਆਈ.ਟੀ. ਅਨੁਸਾਰ ਹੋਣਗੀਆਂ।

11) ਸਭਾ ਵੱਲੋਂ ਅਧਿਕਾਰਤ ਪਾਸ ਕੀਤੇ ਗਏ ਮਤੇ ਦੀ ਹਲਕਾ ਨਰੀਖਣ ਵੱਲੋਂ ਤਸਦੀਕਸ਼ੁਦਾ ਕਾਪੀ ਪੇਸ਼ ਕੀਤੀ ਜਾਵੇ।

12) ਸਬੰਧਤ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਵੱਲੋਂ ਜਾਰੀ ਕੀਤਾ ਗਿਆ ਸਮਰੱਥਾ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ।

13) ਸਬੰਧਤ ਜ਼ਿਲ੍ਹੇ ਦੀ ਸਹਿਕਾਰੀ ਲੇਬਰ ਯੂਨੀਅਨ ਵੱਲੋਂ ਜਾਰੀ ਕੀਤੇ ਗਏ ਐਨ.ਓ.ਸੀ. ਰਿਗਾਰਡਿੰਗ ਕਲੀਅਰੈਂਸ ਪੇਮੈਂਟ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ।

14) ਜੇਕਰ ਸਭਾ ਪਟਿਆਲਾ ਜ਼ਿਲ੍ਹੇ ਤੋਂ ਬਾਹਰ ਰਜਿਸਟਰ ਹੋਈ ਹੈ ਤਾਂ ਉਸ ਵੱਲੋਂ ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਸਹਾਇਕ ਰਜਿਸਟਰਾਰ ਅਤੇ ਜ਼ਿਲ੍ਹਾ ਮੈਨੇਜਰ ਕਿਰਤ ਅਤੇ ਉਸਾਰੀ ਯੂਨੀਅਨ ਪਾਸੋਂ ਇਤਰਾਜਹੀਣਤਾ ਸਰਟੀਫਿਕੇਟ ਨਾਲ ਨੱਥੀ ਕਰਨਾ ਜਰੂਰੀ ਹੋਵੇਗਾ।

15) ਬਗੈਰ ਲੜੀ ਨੰ: 11,12,13 ਅਤੇ 14 ਤੇ ਦਰਜ ਦਸਤਾਵੇਜ ਨਾ ਹੋਣ ਕਾਰਨ ਸਬੰਧਤ ਸਭਾ ਦੀ ਵਿੱਤੀ ਬੋਲੀ ਨਹੀਂ ਖੋਲ੍ਹੀ ਜਾਵੇਗੀ।

ਕਾਰਜਕਾਰੀ ਇੰਜੀਨੀਅਰ,
ਪੰਚਾਇਤੀ ਰਾਜ ਲੋਕ ਨਿਰਮਾਣ ਮੰਡਲ,
ਪਟਿਆਲਾ।

ਪਿੱਠ ਅੰਕਣ ਨੰ: ਪਰਡ/ਪ/21/ 7500-7522 ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਨਿਗਰਾਨ ਇੰਜਨੀਅਰ (ਪਰਸ)-3, ਐਸ.ਏ.ਐਸ. ਨਗਰ।
2) ਸਮੂਹ ਕਾਰਜਕਾਰੀ ਇੰਜਨੀਅਰ (ਪਰਡ) ਪੰਜਾਬ ਰਾਜ।
3) ਸਮੂਹ ਉਪ ਮੰਡਲ ਅਫਸਰ (ਪਰ) ਜ਼ਿਲ੍ਹਾ ਪਟਿਆਲਾ।
4) ਸਹਾਇਕ ਰਜਿਸਟਰਾਰ, ਕੋਆਪਰੇਟਿਵ, ਐਲ.ਐਂਡ.ਸੀ.ਸੁਸਾਇਟੀ ਲਿਮਟਿਡ, ਪਟਿਆਲਾ।
5) ਨੋਟਿਸ ਬੋਰਡ।

ਕਾਰਜਕਾਰੀ ਇੰਜੀਨੀਅਰ,
ਪੰਚਾਇਤੀ ਰਾਜ ਲੋਕ ਨਿਰਮਾਣ ਮੰਡਲ,
ਪਟਿਆਲਾ।